# ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ ॥

## ਭਾਗ-2

ਚਉਰਾਸੀ ਲੱਖ ਜੂਨਾਂ ਆਪੋ-ਆਪਣੇ ਅੰਤ੍ਰ-ਗਤ, ਨਾਲ ਲਿਖੇ 'ਹੁਕਮ' ਦੀ ਸਹਿਜ ਚਾਲ ਵਿਚ ਅਛੋਪ ਅਤੇ ਅਣਜਾਣੇ ਹੀ ਵਿਚਰ ਰਹੀਆਂ ਹਨ ਅਤੇ ਆਪਣੇ 'ਕਰਤੇ' ਦੇ 'ਭਾਣੇ' ਵਿਚ ਆਪਣਾ 'ਜੀਵਨ' ਸਫਲ ਕਰ ਰਹੀਆਂ ਹਨ।

ਪਰ, ਤ੍ਰੈ-ਗੁਣੀ ਮਾਇਆ ਦੇ ਭਰਮ-ਭੁਲਾਵੇ ਵਿਚ ਗਲਤਾਨ ਹੋਏ ਇਨਸਾਨ ਨੂੰ—

'ਹੁਕਮ'
ਸਬਦ
ਨਾਮ
ਭਾਣਾ
ਜੀਵਨ-ਸੇਧ
ਜੀਵਨ-ਮਾਰਗ
ਜੀਵਨ

ਦੀ ਬਾਬਤ ਦਰਸਾਉਣ, ਸਿਖਾਉਣ ਅਤੇ ਕਮਾਉਣ ਲਈ, ਅਕਾਲ ਪੁਰਖ ਨੇ ਆਪਣਿਆਂ ਸੰਤਾਂ, ਭਗਤਾਂ, ਗੁਰੂਆਂ, ਅਵਤਾਰਾਂ ਅਤੇ ਉਹਨਾਂ ਦੀਆਂ ਬਾਣੀਆਂ ਰਾਹੀਂ, ਬੇਅੰਤ ਢੰਗਾਂ ਨਾਲ ਉਪਦੇਸ਼ ਦੇਣ ਤੇ ਪ੍ਰਚਾਰ ਕਰਨ ਦੇ ਉਪਰਾਲੇ ਕੀਤੇ ਹਨ। ਫਿਰ ਭੀ ਇਹ ਇਨਸਾਨ ਆਪਣੇ 'ਆਪੇ', 'ਕਰਤੇ' ਅਤੇ 'ਹੁਕਮ' ਤੋਂ ਅਨਜਾਣ, ਬੇ-ਪ੍ਰਵਾਹ ਅਤੇ ਬੇ-ਮੁਖ ਹੋ ਰਿਹਾ ਹੈ।

ਇਸੇ ਦੇ ਕਾਰਨਾਂ ਦੀ ਖੋਜ ਅਤੇ ਇਸ ਦੇ ਇਲਾਜ ਅਥਵਾ ਸੁਧਾਰ ਦੀ ਬਾਬਤ ਡੂੰਘੀ ਅਤੇ ਦੀਰਘ ਵਿਚਾਰ ਕਰਨ ਦੀ ਲੋੜ ਹੈ।

ਕਿਸੇ ਚਿਤਵਨੀ ਨੂੰ 'ਖਿਆਲ' ਆਖਿਆ ਜਾਂਦਾ ਹੈ।

ਕਿਸੇ ਖਿਆਲ ਵਲ ਗਹੁ ਕੀਤਾ ਜਾਵੇ, ਤਾਂ 'ਧਿਆਨ' ਬਣ ਜਾਂਦਾ ਹੈ।

ਰੁਚੀ ਯਾ ਦਿਲਚਸਪੀ ਅਨੁਸਾਰ, ਧਿਆਨ ਤੀਬਰ (intense) ਬਣ ਜਾਂਦਾ ਹੈ।

'ਤੀਬਰ ਧਿਆਨ' ਵਿਚੋਂ ਵਲਵਲੇ ਉਪਜਦੇ ਹਨ।

ਵਲਵਲਿਆਂ ਦੀਆਂ ਸੂਖਮ ਖਿਆਲੀ ਉਡਾਰੀਆਂ ਨੂੰ 'ਕਵਿਤਾ' ਕਿਹਾ ਜਾਂਦਾ ਹੈ।

ਦਿਲਚਸਪੀ ਅਤੇ ਰੁਚੀਆਂ ਅਨੁਸਾਰ ਕਰਮਾਂ ਦੀ ਪ੍ਰੇਰਨਾ ਹੁੰਦੀ ਹੈ।

ਕਰਮਾਂ ਦੇ ਅਭਿਆਸ ਦੁਆਰਾ 'ਆਦਤਾਂ' ਬਣਦੀਆਂ ਹਨ।

ਆਦਤਾਂ ਦੇ ਅਭਿਆਸ ਦੁਆਰਾ ਰੁਚੀਆਂ ਬਣਦੀਆਂ ਹਨ।

ਡੂੰਘੀਆਂ ਰੁਚੀਆਂ ਦੁਆਰਾ 'ਸੁਭਾਉ' ਬਣਦਾ ਹੈ।

ਸੁਭਾਉ ਅਨੁਸਾਰ ਸਾਡਾ 'ਚਾਲ-ਚਲਣ' ਬਣਦਾ ਹੈ।

ਚਾਲ-ਚਲਣ ਅਨੁਸਾਰ ਸਾਡਾ 'ਜੀਵਨ' ਬਣਦਾ ਹੈ।

ਜੀਵਨ ਅਨੁਸਾਰ ਸਾਡੀ 'ਸ਼ਖਸੀਅਤ' ਬਣਦੀ ਹੈ।

ਸ਼ਖਸੀਅਤ ਅਨੁਸਾਰ ਸਾਡੇ 'ਭਾਗ' ਬਣਦੇ ਹਨ।

ਸ਼ਖਸੀਅਤ ਅਨੁਸਾਰ ਸਾਡੇ ਉਦਾਲੇ ਵਾਤਾਵਰਣ ਬਣਦਾ ਹੈ।

ਸ਼ਖਸੀਅਤ ਅਨੁਸਾਰ ਸਾਡੀ 'ਆਪਣੀ ਦੁਨੀਆਂ' ਬਣਦੀ ਹੈ।

ਸ਼ਖਸੀਅਤ ਅਨੁਸਾਰ ਸਾਡੇ ਜੀਵਨ ਦਾ ਲੋਕਾਂ ਤੇ 'ਅਸਰ' ਹੁੰਦਾ ਹੈ।

ਸ਼ਖਸੀਅਤ ਹੀ ਸਾਡੀ 'ਜੀਵਨ ਸੇਧ' ਬਣ ਜਾਂਦੀ ਹੈ।

ਸ਼ਖਸੀਅਤ ਹੀ ਅੰਤਿਸ਼ਕਰਨ ਵਿਚ ਧਸ-ਵਸ-ਰਸ ਜਾਂਦੀ ਹੈ।

ਇਸੇ ਅੰਤਿਸ਼ਕਰਨ ਅਨੁਸਾਰ ਹੀ ਸਾਡੇ ਅਗਲੇ ਜਨਮਾਂ ਦੀ 'ਸੇਧ' ਬਣਦੀ ਹੈ।

ਇਹਨਾਂ 'ਮਾਨਸਿਕ ਅਵਸਥਾਵਾਂ' ਦਾ ਮੁੱਢ ਕਾਰਨ ਜਾਂ ਬੀਜ ਸਾਡੀਆਂ ਚਿਤਵਨੀਆਂ ਅਥਵਾ ਖਿਆਲ ਹੀ ਹਨ।

ਸਾਡੇ ਕਰਮਾਂ, ਆਦਤਾਂ, ਸੁਭਾਉ, ਜੀਵਨ, ਅੰਤਿਸ਼ਕਰਨ, ਭਾਗ ਆਦਿ ਸਭ ਕੁਝ ਸਾਡੇ ਚੰਗੇ ਜਾਂ ਮਾੜੇ ਖਿਆਲਾਂ ਤੇ ਨਿਰਭਰ ਹਨ।

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ (ਪੰਨਾ-134)

ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥ (ਪੰਨਾ-433)

ਜੇਕਰ ਸਾਡੇ ਖਿਆਲ ਚੰਗੇ, ਉਤਮ ਅਤੇ ਦੈਵੀ ਹੋਣ ਤਾਂ ਸਾਡਾ 'ਜੀਵਨ' ਉਚੇਰਾ, ਚੰਗੇਰਾ, ਸੁਹਣੇਰਾ ਅਤੇ ਦੈਵੀ ਬਣ ਸਕਦਾ ਹੈ।

ਮਾੜੀਆਂ ਅਤੇ ਨੀਵੀਆਂ ਰੁਚੀਆਂ ਵਾਲੇ ਖਿਆਲਾਂ ਨਾਲ ਅਸੁਰੀ ਅਉਗਣ ਉਪਜਦੇ ਹਨ ਅਤੇ ਲਬ-ਲੋਭ, ਵੈਰ-ਵਿਰੋਧ, ਚਿੰਤਾ-ਫਿਕਰ ਵਿਚ, ਹਉਮੈ-ਵੇੜਿਆ ਗਿਲਾਨੀ ਵਾਲਾ ਜੀਵਨ ਭੋਗਦੇ ਹਾਂ ਅਤੇ ਦੁਖੀ ਹੁੰਦੇ ਹਾਂ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ–133)

ਆਪਣੇ ਜੀਵਨ ਨੂੰ ਬਦਲਣ ਲਈ ਸਭ ਤੋਂ ਪਹਿਲਾਂ, ਸਾਡੇ ਅੰਤ੍–ਆਤਮੇ 'ਚੰਗੇ–ਮਾੜੇ' ਦੀ ਪਹਿਚਾਨ 'ਨਿਰਨਾ ਸ਼ਕਤੀ' ਅਥਵਾ 'ਬਿਬੇਕ–ਬੁੱਧੀ' ਜ਼ਰੂਰੀ ਹੈ। ਪਰ ਅਫਸੋਸ ਦੀ ਗੱਲ ਇਹ ਹੈ, ਕਿ ਸਾਡੀ ਬੁੱਧੀ ਇਤਨੀ ਮਲੀਨ ਹੋ ਗਈ ਹੈ, ਕਿ ਅਸੀਂ 'ਚੰਗਿਆਈ' ਅਤੇ 'ਬੁਰਿਆਈ' ਦਾ 'ਨਿਰਨਾ' ਕਰਨ ਤੋਂ ਭੀ ਅਸਮਰਥ ਹੋ ਗਏ ਹਾਂ ਅਤੇ ਆਪਣੀਆਂ ਗਰਜ਼ਾਂ ਦੀ ਪੂਰਤੀ ਲਈ ਮਲੀਨ ਕਰਮਾਂ ਨੂੰ ਭੀ ਜਾਇਜ਼ ਮੰਨੀ ਬੈਠੇ ਹਾਂ!

ਇਹ ਨਿਰਨਾ ਸ਼ਕਤੀ ਯਾ ਬਿਬੇਕ–ਬੁੱਧੀ ਪ੍ਰਾਪਤ ਕਰਨ ਲਈ—

ਉੱਚੀ–ਸੁੱਚੀ, ਜੀਉਂਦੀ–ਜਾਗਦੀ ਸਾਧ ਸੰਗਤ,

ਨਾਮ–ਸਿਮਰਨ, ਅਭਿਆਸ–ਕਮਾਈ,

ਗੁਰ ਪ੍ਰਸਾਦਿ ਦੀ ਲੋੜ ਹੈ।

ਇਸ ਨਿਰਨਾ ਸ਼ਕਤੀ ਤੋਂ ਬਗੈਰ, ਅਸੀਂ ਆਪਣੀ ਪੁਰਾਣੀ, ਗਲਤ ਅਤੇ ਮਲੀਨ ਸੋਚ–ਪ੍ਰਣਾਲੀ ਵਿਚ ਹੀ ਕਰਮ ਕਰਦੇ ਰਹਾਂਗੇ ਅਤੇ ਨਤੀਜੇ ਭੁਗਤਦੇ ਰਹਾਂਗੇ।

ਪਿਛੇ ਦਸਿਆ ਜਾ ਚੁਕਿਆ ਹੈ, ਕਿ ਸਾਡੇ ਮਨ ਦੀ ਰੰਗਤ ਯਾ ਜੀਵਨ ਦਾ ਮੁੱਢ ਕਾਰਨ ਸਾਡੇ ਖਿਆਲ ਹੀ ਹਨ। ਇਸ ਲਈ ਖਿਆਲਾਂ ਦੇ ਬਦਲਣ ਨਾਲ ਹੀ, ਸਾਡਾ 'ਜੀਵਨ' ਬਦਲਿਆ ਜਾ ਸਕਦਾ ਹੈ।

ਸਾਡਾ 'ਮਨ' ਉਦਾਲੇ–ਪੁਦਾਲੇ ਦੇ ਵਾਤਾਵਰਣ ਅਤੇ 'ਸੰਗਤ' ਦਾ ਅਸਰ ਲੈਂਦਾ ਹੈ।

ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥ (ਪੰਨਾ–1369)

ਪੁਰਾਣੀ ਨੀਵੀਂ 'ਰੰਗਤ' ਵਾਲੇ ਮਨ ਨੂੰ ਬਦਲਣ ਲਈ, ਦੈਵੀ ਗੁਣਾਂ ਦੀ 'ਪਿਉਂਦ' ਚੜ੍ਹਾਉਣ ਦੀ ਲੋੜ ਹੈ, ਜਿਸ ਨਾਲ ਸਾਡੇ ਕਰਮਾਂ ਦੇ ਨਤੀਜੇ ਯਾ 'ਫਲ' ਚੰਗੇ ਹੋ ਸਕਦੇ ਹਨ ਅਤੇ ਸਾਡਾ ਜੀਵਨ ਚੰਗੇਰਾ, ਉਚੇਰਾ, ਸੁਹਣੇਰਾ, ਸੁਖਦਾਈ ਅਤੇ ਕਲਿਆਨਕਾਰੀ ਹੋ ਸਕਦਾ ਹੈ।

ਇਹ 'ਦੈਵੀ–ਪਿਉਂਦ' ਸਿਰਫ ਬਖਸ਼ੇ ਹੋਏ ਗੁਰਮੁਖ ਪਿਆਰਿਆਂ ਮਹਾਂ–ਪੁਰਖਾਂ ਦੀ ਸੰਗਤ ਨਾਲ ਚੜ੍ਹ ਸਕਦੀ ਹੈ।

ਸਾਧ ਸੰਗਤ ਅਤੇ ਸਿਮਰਨ ਕਰਦਿਆਂ ਹੋਇਆਂ, ਜਿਉਂ–ਜਿਉਂ ਸਾਡਾ ਮਨ ਨਿਰਮਲ ਹੁੰਦਾ ਜਾਵੇਗਾ, ਸਾਡੀ 'ਨਿਰਨਾ–ਸ਼ਕਤੀ' ਦਾ ਵਿਕਾਸ ਹੁੰਦਾ ਜਾਵੇਗਾ ਅਤੇ ਅਸੀਂ ਨੀਵੇਂ ਖਿਆਲਾਂ ਅਤੇ ਕਰਮਾਂ ਤੋਂ ਬਚਣ ਦੀ ਕੋਸ਼ਿਸ਼ ਕਰਾਂਗੇ ਅਤੇ ਉਹਨਾਂ ਦੀ ਥਾਂ—

ਉਚੇਰੇ

ਚੰਗੇਰੇ

ਸੁਹਣੇਰੇ
ਨਿਰਮਲ
ਦੈਵੀ
ਆਤਮਿਕ

ਖਿਆਲਾਂ ਦਾ ਅਭਿਆਸ ਹੋਵੇਗਾ।

ਚੌਰਾਸੀ ਲੱਖ ਜੂਨਾਂ ਅਤੇ ਇਨ੍ਹਾਂ ਦੇ ਸਿਰਤਾਜ 'ਇਨਸਾਨ' ਦੀਆਂ ਜੀਵਨੀਆਂ ਦੇ ਕੁਝ ਪੱਖਾਂ ਦਾ ਨਿਰਨਾ ਇਉਂ ਕੀਤਾ ਜਾ ਸਕਦਾ ਹੈ—

1. ਹੋਰ ਜੂਨਾਂ : ਅਨਜਾਣੇ ਹੀ ਭਾਣੇ ਵਿਚ ਜੀਵਨ ਬਤੀਤ ਕਰਦੀਆਂ ਹਨ।

ਇਨਸਾਨ : ਜਾਣ ਬੁੱਝ ਕੇ 'ਹੁਕਮ' ਤੋਂ ਬੇ-ਮੁਖ ਹੋ ਕੇ ਆਪਣੇ ਹੀ 'ਭਾਣੇ' ਵਿਚ ਮਨ-ਮਰਜ਼ੀ ਨਾਲ ਜੀਵਨ ਭੋਗਦਾ ਹੈ।

2. ਹੋਰ ਜੂਨਾਂ : ਆਪਣੇ ਕਰਤੇ ਦੇ ਹੁਕਮ ਵਿਚ ਸੰਤੁਸ਼ਟ ਹੋ ਕੇ ਸਬਰ-ਸਬੂਰੀ ਵਿਚ ਖੁਸ਼ ਹਨ।

ਇਨਸਾਨ : ਕੁਦਰਤ ਦੀਆਂ ਬੇਅੰਤ ਦਾਤਾਂ ਨੂੰ ਵਰਤਦਾ ਹੋਇਆ ਭੀ ਅਸੰਤੁਸ਼ਟ, ਨਾ-ਸ਼ੁਕਰਾ, ਅਕ੍ਰਿਤਘਣ ਅਤੇ ਦੁਖੀ ਹੁੰਦਾ ਰਹਿੰਦਾ ਹੈ।

3. ਹੋਰ ਜੂਨਾਂ : ਵੈਰ-ਵਿਰੋਧ, ਕਿਸੇ ਦਾਇਰੇ ਵਿਚ ਸੀਮਤ ਹੈ।

ਇਨਸਾਨ : ਵੈਰ-ਵਿਰੋਧ, ਈਰਖਾ-ਦਵੈਤ ਅਤੇ ਸਾੜਾ ਇਤਨਾ ਵਧਾ ਲਿਆ ਹੈ, ਕਿ ਖਿਚੋਤਾਣ, ਨਫਰਤ, ਆਪਾ-ਧਾਪੀ, ਲੜਾਈਆਂ-ਝਗੜਿਆਂ ਨਾਲ ਸੰਸਾਰ ਵਿਚ ਭੜਥੂ ਮਚਾ ਛਡਿਆ ਹੈ।

4. ਹੋਰ ਜੂਨਾਂ : ਆਪਣੀਆਂ ਰੋਜ਼ਾਨਾਂ ਲੋੜਾਂ ਤੋਂ ਬਗੈਰ ਕੋਈ ਲਬ-ਲੋਭ ਨਹੀਂ ਕਰਦੀਆਂ।

ਇਨਸਾਨ : ਸਭ ਕੁਝ ਹੁੰਦਿਆਂ-ਸੁੰਦਿਆਂ ਭੀ, ਲਬ-ਲੋਭ ਵਿਚ 'ਹਲਕਾਏ' ਫਿਰਦੇ ਹਨ।

5. ਹੋਰ ਜੂਨਾਂ : ਸੀਮਤ ਬੁੱਧੀ ਨਾਲ ਹੀ ਆਪਣੇ ਕਰਤੇ ਦੇ ਭਾਣੇ ਵਿਚ ਵਿਚਰ ਕੇ, ਆਪਣਾ ਜੀਵਨ ਸਫਲ ਕਰ ਰਹੀਆਂ ਹਨ।

ਇਨਸਾਨ : ਬੇਅੰਤ ਬੁੱਧੀ ਹੁੰਦਿਆਂ ਭੀ, ਹਉਮੈ ਦੇ ਭਰਮ-ਭੁਲਾਵੇ ਅਤੇ ਅਗਿਆਨਤਾ ਵਿਚ 'ਜੀਵਨ' ਅਜਾਈਂ ਗਵਾ ਰਿਹਾ ਹੈ ਅਤੇ ਰਸਾਤਲ ਵਲ ਰੁੜ੍ਹਿਆ ਜਾ ਰਿਹਾ ਹੈ।

6. ਹੋਰ ਜੂਨਾਂ : ਭਾਣੇ ਵਿਚ ਰਹਿੰਦਿਆਂ ਹੋਇਆਂ ਕੋਈ ਮਾੜਾ ਕਰਮ ਯਾ ਪਾਪ ਨਹੀਂ

ਕਰ ਸਕਦੀਆਂ।

ਇਨਸਾਨ : ਤੀਖਣ ਬੁੱਧੀ ਅਤੇ ਸੂਝ-ਬੂਝ ਦੇ ਹੁੰਦਿਆਂ ਹੋਇਆਂ ਭੀ—ਕੂੜ, ਫਰੇਬ, ਬੇ-ਈਮਾਨੀ, ਲੁੱਟ-ਖਸੁੱਟ, ਪਾਖੰਡ, ਜ਼ੁਲਮ ਦੁਆਰਾ, ਪਸ਼ੂਆਂ ਤੋਂ ਭੀ ਨੀਵਾਂ ਅਤੇ ਗਿਲਾਨੀ ਵਾਲਾ ਜੀਵਨ ਭੋਗਦਾ ਅਤੇ ਜਮਾਂ ਦੇ ਵੱਸ ਪੈਂਦਾ ਹੈ।

7. ਹੋਰ ਜੂਨਾਂ : ਆਪੋ-ਆਪਣੇ ਨਾਲ-ਲਿਖੇ ਗੁੱਝੇ 'ਧਰਮ' ਨੂੰ ਸਹਿਜ-ਸੁਭਾਇ, ਅਛੋਪ ਹੀ ਦਿਆਨਤਦਾਰੀ ਨਾਲ ਕਮਾ ਰਹੀਆਂ ਹਨ।

ਇਨਸਾਨ : ਅਨੇਕਾਂ ਕਿਸਮਾਂ ਦੇ ਧਰਮ-ਕਰਮ, ਗਿਆਨ-ਧਿਆਨ, ਬਾਣੀਆਂ, ਅਤੇ ਜੋਗ-ਸਾਧਨਾਵਾਂ ਦੇ ਹੁੰਦਿਆਂ ਭੀ, ਇਲਾਹੀ ਤੱਤ-ਰੂਪ 'ਆਤਮਿਕ ਧਰਮ' 'ਨਾਮ' ਤੋਂ ਵਾਂਝਾ ਜਾ ਰਿਹਾ ਹੈ।

8. ਹੋਰ ਜੂਨਾਂ : ਧੁਰੋਂ ਨਾਲ-ਲਿਖੇ ਹੁਕਮ ਅਨੁਸਾਰ ਜੀਵਨ ਭੋਗਦੀਆਂ ਹਨ ਅਤੇ ਇਹਨਾਂ ਨੂੰ ਆਪਣੀ 'ਜੀਵਨ-ਸੇਧ' ਜਾਂ 'ਧਰਮ' ਨੂੰ ਬਦਲਣ ਦੀ ਲੋੜ ਨਹੀਂ ਪੈਂਦੀ।

ਇਨਸਾਨ : ਵਾਤਾਵਰਨ ਅਤੇ ਸੰਗਤ ਅਨੁਸਾਰ, ਆਪੋ-ਆਪਣੇ ਨਿਸਚੇ ਅਤੇ ਧਰਮ ਘੜੇ ਹੋਏ ਹਨ, ਜੋ ਕਿ ਮਾਨਸਿਕ ਰੁਚੀ ਅਤੇ ਸਵਾਰਥ ਅਨੁਸਾਰ ਬਦਲਦੇ ਰਹਿੰਦੇ ਹਨ।

9. ਹੋਰ ਜੂਨਾਂ : ਜੀਉਂਦੀਆਂ ਇਨਸਾਨ ਦੀ ਸੇਵਾ ਕਰਦੀਆਂ ਹਨ ਅਤੇ ਮਰ ਕੇ ਭੀ ਕੁਦਰਤ ਦੇ ਕੰਮ ਆਉਂਦੀਆਂ ਹਨ।

ਪਸੂ ਮਰੈ ਦਸ ਕਾਜ ਸਵਾਰੈ ॥ (ਪੰਨਾ-870)

ਇਨਸਾਨ : ਨਰੂ ਮਰੈ ਨਰੁ ਕਾਮਿ ਨ ਆਵੈ ॥ (ਪੰਨਾ-870)

10. ਹੋਰ ਜੂਨਾਂ : ਭਾਣੇ ਵਿਚ ਵਿਚਰਦੀਆਂ ਹੋਈਆਂ, 'ਜੀਵਨ' ਦੀਆਂ ਅਨੇਕ ਪਉੜੀਆਂ ਉਤਾਹਾਂ ਵਲ ਚੜ੍ਹ ਜਾਂਦੀਆਂ ਹਨ।

ਇਨਸਾਨ : ਪਉੜੀ ਦੇ ਸਿਖਰ ਤੇ ਪੁਜ ਕੇ, ਨੀਵਿਆਂ ਕਰਮਾਂ ਦੁਆਰਾ ਹੇਠਾਂ ਨੂੰ ਉਤਰਨ ਦਾ 'ਭਾਗੀ' ਬਣਦਾ ਹੈ।

ਆਮ ਜਨਤਾ ਨੂੰ ਤਾਂ ਇਹ ਭੀ ਪਤਾ ਨਹੀਂ ਕਿ—

1. ਜੀਵਨ ਕੀ ਹੈ ?
2. ਉਹ ਹੁਣ ਕੈਸਾ ਜੀਵਨ ਬਿਤਾ ਰਹੇ ਹਨ ?
3. ਉਹਨਾਂ ਦੇ ਪ੍ਰਵਿਰਤ ਜੀਵਨ ਵਿਚ ਕੀ ਨੁਕਸ ਹਨ ?

4. ਏਦੂੰ ਉਚਾ ਅਤੇ ਚੰਗੇਰਾ ਹੋਰ ਭੀ ਕੋਈ ਜੀਵਨ ਹੈ ?

5. ਐਸੇ ਉਚੇਰੇ ਅਤੇ ਚੰਗੇਰੇ ਜੀਵਨ ਦੀ ਕੀ 'ਜੀਵਨ ਸੇਧ' ਹੈ ?

6. ਉਚੇਰੇ ਜੀਵਨ ਲਈ ਕੀ ਸਾਧਨ ਹਨ ?

ਆਮ ਜਨਤਾ ਆਪਣੇ ਪਿਛਲੇ ਸੰਸਕਾਰਾਂ ਅਨੁਸਾਰ ਅਤੇ ਹੁਣ ਦੇ ਵਾਤਾਵਰਨ ਵਿਚ, ਇਤਨੀ ਗਲਤਾਨ ਅਤੇ ਮਦਹੋਸ਼ ਹੋ ਗਈ ਹੈ, ਕਿ ਉਸ ਨੂੰ ਕਿਸੇ ਚੰਗੇਰੇ ਜੀਵਨ ਨੂੰ ਦੇਖ ਕੇ ਭੀ, ਆਪਣੇ ਜੀਵਨ ਨੂੰ ਉਚੇਰਾ ਤੇ ਚੰਗੇਰਾ ਬਨਾਉਣ ਦਾ ਕੋਈ ਉਤਸ਼ਾਹ, ਉਮਾਹ, ਸਾਹਸ ਯਾ ਉਦਮ ਨਹੀਂ ਉਪਜਦਾ। ਉਹ ਆਪਣੀਆਂ ਸੰਸਕਾਰੀ ਨੀਵੀਆਂ ਰੁਚੀਆਂ ਅਨੁਸਾਰ ਆਪਣੇ ਪੁਰਾਣੇ 'ਜੀਵਨ ਵੇਗ' ਨਾਲ ਹੀ ਅਵੇਸਲੇ ਅਤੇ ਬੇ-ਪ੍ਵਾਹ ਹੋ ਕੇ ਰੁੜ੍ਹੇ ਜਾ ਰਹੇ ਹਨ ਅਤੇ ਉਸੇ ਤਰ੍ਹਾਂ ਰੋਸੇ, ਗਿਲੇ, ਈਰਖਾ-ਦਵੈਤ, ਵੈਰ-ਵਿਰੋਧ, ਲੜਾਈਆਂ-ਝਗੜਿਆਂ ਵਿਚ ਗਲਤਾਨ ਹੋ ਕੇ ਆਪਣਾ ਅਮੋਲਕ ਜੀਵਨ ਅਜਾਈਂ ਗਵਾ ਕੇ ਦੁਖੀ ਹੋ ਰਹੇ ਹਨ। ਇਸ ਤੋਂ ਇਲਾਵਾ, ਅਨੇਕਾਂ ਕਿਸਮ ਦੇ 'ਨਸ਼ਿਆਂ' ਦੀ ਆਦਤ ਪਾ ਕੇ ਆਪਣਾ ਸਰੀਰਕ ਅਤੇ ਆਰਥਿਕ ਜੀਵਨ ਭੀ ਤਬਾਹ ਕਰ ਰਹੇ ਹਨ।

ਅਜ ਕਲ੍ਹ ਤਾਂ ਸਾਡਾ ਜੀਵਨ ਇਤਨਾ ਮਲੀਨ ਹੋ ਗਿਆ ਹੈ, ਕਿ ਅਸੀਂ ਆਪਣੇ ਉਦਾਲੇ-ਪੁਦਾਲੇ ਦਾ ਵਾਤਾਵਰਣ ਅਤੇ ਵਾਯੂ ਮੰਡਲ ਅਤਿਅੰਤ ਗੰਧਲਾ ਕਰ ਦਿਤਾ ਹੈ, ਜਿਸ ਵਿਚ ਖੁਦਗਰਜ਼ੀ, ਨਫਰਤ, ਵੈਰ-ਵਿਰੋਧ, ਈਰਖਾ-ਦਵੈਤ ਅਤੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦਾ ਬੋਲ-ਬਾਲਾ ਅਤੇ ਵਰਤ-ਵਰਤਾਰਾ ਹੈ ਅਤੇ ਮਾਇਕੀ ਗਿਲਾਨੀ ਦੀ 'ਬਦਬੂ' ਨਾਲ ਭੜਥੂ ਪਿਆ ਹੋਇਆ ਹੈ। ਐਸੀ ਗਿਆਨੀ ਵਾਲੀ ਹਾਲਤ ਵਿਚ ਗੁਰੂਆਂ, ਮਹਾਂਪੁਰਖਾਂ ਅਤੇ ਗੁਰਬਾਣੀ ਦੇ ਉਚੇ-ਸੁੱਚੇ ਆਤਮਿਕ ਉਪਦੇਸ਼ ਛਿਕੇ ਤੇ ਟੰਗ ਛਡੇ ਹਨ ਅਤੇ 'ਧਰਮ' ਇਕ ਤਰ੍ਹਾਂ ਦਾ ਬਾਹਰਲਾ ਦਿਖਾਵਾ ਤੇ ਪਾਖੰਡ ਹੀ ਬਣ ਗਿਆ ਹੈ। ਹੈਰਾਨੀ ਵਾਲੀ ਗੱਲ ਤਾਂ ਇਹ ਹੈ, ਅਸੀਂ ਪੜ੍ਹੇ-ਲਿਖੇ, ਗਿਆਨੀ-ਧਿਆਨੀ ਭੀ ਇਸ ਗਿਲਾਨੀ ਦੀ ਮਾਰ ਤੋਂ ਨਹੀਂ ਬਚ ਸਕੇ।

ਜਦ ਸਾਡੇ ਅਖੌਤੀ ਧਾਰਮਿਕ ਆਗੂ ਹੀ ਇਸ ਦੀਰਘ ਮਾਇਕੀ ਗਿਲਾਨੀ ਦੀ ਜ਼ਬਰ-ਦਸਤ ਲਪੇਟ ਵਿਚ ਆ ਗਏ ਹਨ, ਤਾਂ ਜਨਤਾ ਨੂੰ ਕੌਣ ਸੁਧਾਰੇ ?

ਇਸ ਮਾਇਕੀ ਗਿਲਾਨੀ ਦੀ ਬਾਬਤ ਗੁਰਬਾਣੀ ਸਾਨੂੰ ਇਉਂ ਤਾੜਨਾ ਕਰਦੀ ਹੈ—

ਹਰਿ ਨਾਮ ਨ ਭਾਇਆ ਬਿਰਥਾ ਜਨਮੁ ਗਵਾਇਆ
ਨਾਨਕ ਜਮੁ ਮਾਰਿ ਕਰੇ ਖੁਆਰ ॥ (ਪੰਨਾ-852)

ਮਨਮੁਖ ਦੁਖੀਏ ਸਦਾ ਭ੍ਰਮਿ ਭੁਲੇ ਤਿਨ੍ਹੀ ਬਿਰਥਾ ਜਨਮੁ ਗਵਾਇਆ ॥ (ਪੰ.-852)

ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ॥ (ਪੰ.-919)

ਲਖ ਚਉਰਾਸੀਹ ਭ੍ਰਮਤੇ ਭ੍ਰਮਤੇ ਦੁਲਭ ਜਨਮੁ ਅਬ ਪਾਇਓ ॥

ਰੇ ਮੂੜੇ ਤੂ ਹੋਛੈ ਰਸਿ ਲਪਟਾਇਓ ॥
ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ ਬਿਖਿਆ ਸਿਉ ਉਰਝਾਇਓ ॥ (ਪੰਨਾ-1017)

ਧੰਧੈ ਧਾਵਤੁ ਜਨਮੁ ਗਵਾਇਆ ਬਿਨੁ ਨਾਵੈ ਦੁਖੁ ਪਾਇਆ ॥ (ਪੰਨਾ-1067)

ਮਨਮੁਖ ਭੂਲੇ ਕਾਹੇ ਆਏ ॥
ਨਾਮਹੁ ਭੂਲੇ ਜਨਮੁ ਗਵਾਏ ॥ (ਪੰਨਾ-1174)

ਤਿਲੁ ਤਿਲੁ ਪਲੁ ਪਲੁ ਅਉਧ ਫੁਨਿ ਘਾਟੈ ਬੂਝਿ ਨ ਸਕੈ ਗਵਾਰੁ ॥
ਸੋ ਕਿਛੁ ਕਰੈ ਜਿ ਸਾਥਿ ਨ ਚਾਲੈ ਇਹੁ ਸਾਕਤ ਕਾ ਆਚਾਰੁ ॥ (ਪੰਨਾ-1200)

ਬਿਖਈ ਦਿਨੁ ਰੈਨਿ ਇਵ ਹੀ ਗੁਦਾਰੈ ॥
ਗੋਬਿੰਦੁ ਨ ਭਜੈ ਅਹੰਬੁਧਿ ਮਾਤਾ ਜਨਮੁ ਜੂਐ ਜਿਉ ਹਾਰੈ ॥ (ਪੰਨਾ-1205)

ਤ੍ਰੈ ਗੁਣ ਸਰਬ ਜੰਜਾਲੁ ਹੈ ਨਾਮਿ ਨ ਧਰੇ ਪਿਆਰੁ ॥
ਗੁਣ ਛੋਡਿ ਅਉਗਣ ਕਮਾਵਦੇ ਦਰਗਹ ਹੋਹਿ ਖੁਆਰੁ ॥
ਜੂਐ ਜਨਮੁ ਤਿਨੀ ਹਾਰਿਆ ਕਿਤੁ ਆਏ ਸੰਸਾਰਿ ॥ (ਪੰਨਾ-1284)

ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ ॥
ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ ॥ (ਪੰਨਾ-1414)

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥
ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥ (ਪੰਨਾ-1427)

ਇਸ 'ਮਾਇਕੀ ਗਿਲਾਨੀ' ਤੋਂ ਬਚਣ ਲਈ ਗੁਰਬਾਣੀ ਸਾਨੂੰ ਇਉਂ ਉਪਦੇਸ਼ ਦਿੰਦੀ ਹੈ—

ਜਬ ਲਗੁ ਜੋਤਿ ਕਾਇਆ ਮਹਿ ਬਰਤੈ ਆਪਾ ਪਸੂ ਨ ਬੂਝੈ ॥
ਲਾਲਚ ਕਰੈ ਜੀਵਨ ਪਦ ਕਾਰਨ ਲੋਚਨ ਕਛੂ ਨ ਸੂਝੈ ॥
ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥ (ਪੰਨਾ-692)

ਮਾਨਸ ਜਨਮੁ ਦੀਓ ਜਿਹ ਠਾਕੁਰਿ ਸੋ ਤੈ ਕਿਉ ਬਿਸਰਾਇਓ ॥
ਮੁਕਤੁ ਹੋਤ ਨਰ ਜਾਂ ਕੈ ਸਿਮਰੈ ਨਿਮਖ ਨ ਤਾ ਕਉ ਗਾਇਓ ॥ (ਪੰਨਾ-902)

ਕਹਤੁ ਕਬੀਰੁ ਰਾਮੁ ਕੀ ਨ ਸਿਮਰਹੁ ਜਨਮੁ ਅਕਾਰਥੁ ਜਾਇ ॥ (ਪੰਨਾ-1124)

ਕਹਾ ਨਰ ਅਪਨੋ ਜਨਮੁ ਗਵਾਵੈ ॥
ਮਾਇਆ ਮਦਿ ਬਿਖਿਆ ਰਸਿ ਰਚਿਓ ਰਾਮ ਸਰਨਿ ਨਹੀ ਆਵੈ ॥ (ਪੰ.-1231)

ਕਹਤ ਕਬੀਰੁ ਰਾਮ ਭਜੁ ਬਉਰੇ ਜਨਮੁ ਅਕਾਰਥ ਜਾਤ ॥ (ਪੰਨਾ-1252)

ਪ੍ਰਾਣੀ ਗੁਰਮੁਖਿ ਨਾਮੁ ਧਿਆਇ ॥
ਜਨਮੁ ਪਦਾਰਥੁ ਦੁਬਿਧਾ ਖੋਇਆ ਕਉਡੀ ਬਦਲੈ ਜਾਇ ॥ (ਪੰਨਾ-1261)

ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ ॥
ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ ॥ (ਪੰਨਾ-1353)

ਸਮੁੰਦਰ ਵਿਚੋਂ 'ਪਾਣੀ' ਉਡ ਕੇ ਭਾਫ, ਬੱਦਲ, ਬਰਫ, ਗੜੇ, ਮੀਂਹ, ਨਾਲੇ, ਨਦੀਆਂ, ਦਰਿਆ, ਟੋਏ, ਤਲਾ ਆਦਿ ਅਨੇਕਾਂ 'ਰੂਪ' ਧਾਰਦਾ ਹੋਇਆ, ਆਪਣੇ ਸੋਮੇ 'ਸਮੁੰਦਰ' ਵਿਚ ਮੁੜ ਆ ਸਮਾਉਂਦਾ ਹੈ। ਪਾਣੀ ਦੇ ਅਨੇਕ 'ਰੂਪ', ਉਸ ਦੀ 'ਸੰਗਤ' ਅਨੁਸਾਰ ਬਦਲਦੇ ਰਹਿੰਦੇ ਹਨ, ਜਿਹਾ ਕਿ—

ਗਰਮੀ ਦੀ ਸੰਗਤ ਕਰਕੇ 'ਭਾਫ'

ਠੰਢ ਦੀ ਸੰਗਤ ਕਰਕੇ 'ਬੱਦਲ'

ਫੇਰ ਗਰਮੀ ਦੇ ਅਸਰ ਹੇਠ 'ਮੀਂਹ'

ਮੀਂਹ ਤੋਂ ਧਰਤੀ ਦੀ ਹਾਲਤ ਅਨੁਸਾਰ ਟੋਏ, ਤਲਾ, ਨਾਲੇ, ਨਦੀਆਂ, ਦਰਿਆਵਾਂ ਦੇ ਸਰੂਪ ਬਣਦੇ ਹਨ।

ਪਰ ਜ਼ਰੂਰੀ ਨੁਕਤਾ ਇਹ ਹੈ, ਕਿ ਭਾਵੇਂ 'ਪਾਣੀ' ਨੇ 'ਸੰਗਤ' ਅਨੁਸਾਰ ਕਈ ਰੂਪ ਧਾਰੇ, ਪਰ ਉਸਦੇ ਅੰਤਰ-ਆਤਮੇ ਇਕੋ-ਜੀਵਨ ਰੌਂ ਹੀ ਚਲਦੀ ਰਹੀ ਜੋ ਅਨੇਕਾਂ ਸ਼ਕਲਾਂ, ਰੇਖਾਂ, ਰੰਗਾਂ, ਨਾਵਾਂ ਦੁਆਰਾ ਪ੍ਰਵਿਰਤ ਅਤੇ ਪ੍ਰਗਟ ਹੁੰਦੀ ਰਹੀ ਅਤੇ ਆਪਣੇ ਸ਼ਹੁਸਾਗਰ ਨੂੰ ਮਿਲਣ ਦੀ ਉਸਦੀ 'ਖਿੱਚ' ਲਗਾਤਾਰ ਬਣੀ ਰਹੀ।

ਏਸੇ ਤਰ੍ਹਾਂ ਪਾਣੀ ਵਿਚ ਜੋ ਚੀਜ਼ ਪਾਉਂਦੇ ਹਾਂ, ਉਸ ਦੀ 'ਰੰਗਤ', ਬੋ ਅਤੇ ਸੁਆਦ ਦਾ ਅਸਰ ਲੈਂਦਾ ਹੈ ਅਤੇ ਭਾਂਤ-ਭਾਂਤ ਦਾ ਮਿਲਗੋਭਾ (solution) ਬਣਦਾ ਜਾਂਦਾ ਹੈ। ਭਾਵੇਂ ਇਹ 'ਘੋਲੂਆ' ਹਰ ਚੀਜ਼ ਦੀ ਰਲਾਵਟ ਨਾਲ ਬਦਲਦਾ ਰਹਿੰਦਾ ਹੈ, ਜਿਸ ਤਰ੍ਹਾਂ ਲੱਸੀ, ਚਾਹ, ਸ਼ਕੰਜਵੀਂ ਸ਼ਰਾਬ, ਦਵਾਈਆਂ ਆਦਿ ਅਨੇਕਾਂ ਸ਼ਕਲਾਂ, ਰੰਗਾਂ, ਰੇਖਾਂ, ਨਾਵਾਂ ਹੇਠ ਪ੍ਰਵਿਰਤ ਹੁੰਦਾ ਹੈ—ਪਰ, ਇਨ੍ਹਾਂ ਅਨੇਕਾਂ 'ਜੀਵਨ-ਰੂਪਾਂ' ਵਿਚ 'ਪਾਣੀ' ਦੀ ਹੋਂਦ ਹੁੰਦੀ ਹੈ। ਦੂਜੇ ਲਫਜ਼ਾਂ ਵਿਚ ਪਾਣੀ ਦੀ 'ਹੋਂਦ' ਤਾਂ ਇਕੋ ਹੀ ਹੈ, ਪਰ ਉਸਦੇ ਅਨੇਕ 'ਸਰੂਪ'—ਰਲਾਵਟ ਅਥਵਾ 'ਸੰਗਤ' ਅਨੁਸਾਰ ਬਦਲਦੇ ਰਹਿੰਦੇ ਹਨ।

ਐਨ ਏਸੇ ਤਰ੍ਹਾਂ 'ਜੀਵ' ਦੀ 'ਹੋਂਦ' ਜਾਂ 'ਜੀਵਨ ਰੌਂ' ਅਥਵਾ 'ਜੋਤ' ਤਾਂ ਇਕੋ ਹੀ ਸਰਬ-ਰਹੀ ਭਰਪੂਰ ਹੈ, ਪਰ ਜੀਵ ਦੇ ਮਨ ਦੇ 'ਜੀਵਨ-ਸਰੂਪ' ਉਸਦੀ 'ਸੰਗਤ' ਅਨੁਸਾਰ ਬਦਲਦੇ ਰਹਿੰਦੇ ਹਨ।

ਦੂਜੇ ਲਫ਼ਜ਼ਾਂ ਵਿਚ ਅੰਦਰਲੇ ਪੁਰਾਣੇ ਅੰਤਿਸ਼ਕਰਨ ਅਤੇ ਬਾਹਰਲੇ ਵਾਤਾਵਰਨ ਜਾਂ ਸੰਗਤ ਦੀ ਰੰਗਤ ਅਨੁਸਾਰ ਅਸਰ ਲੈ ਕੇ, ਸਾਡਾ 'ਜੀਵਨ' ਬਣਦਾ ਅਤੇ ਬਦਲਦਾ ਰਹਿੰਦਾ ਹੈ।

ਜੋ ਜੈਸੀ ਸੰਗਤਿ ਮਿਲੈ ਸੋ ਤੈਸੋ ਫਲੁ ਖਾਇ ॥ (ਪੰਨਾ-1369)

ਜਦ ਇਹ 'ਸੰਗਤ' ਦੀ 'ਰੰਗਤ' ਸਾਡੇ ਮਨ ਉਤੇ 'ਦ੍ਰਿੜ੍ਹ' ਹੋ ਜਾਵੇ ਅਥਵਾ ਪੱਕਾ ਰੰਗ ਚੜ੍ਹ ਜਾਵੇ, ਤਾਂ ਉਹ 'ਰੰਗਤ' ਹੀ ਸਾਡਾ 'ਜੀਵਨ ਰੂਪ' ਬਣ ਜਾਂਦੀ ਹੈ।

ਇਹ 'ਰੰਗਤ', ਜੀਵਨ ਵਿਚ ਧੱਸ-ਵਸ-ਰਸ ਕੇ ਅਥਵਾ ਦ੍ਰਿੜ੍ਹ ਹੋ ਕੇ ਸਾਡਾ—

ਜੀਵਨ-ਅਧਾਰ
ਜੀਵਨ-ਸੇਧ
ਜੀਵਨ-ਮਾਰਗ
'ਜੀਵਨ-ਰੂਪ'
'ਜੀਵਨ-ਪਦ'
ਜੀਵਨ

ਹੀ ਬਣ ਜਾਂਦੀ ਹੈ।

ਉਦਾਹਰਨ ਵਜੋਂ 'ਅਮਲੀ' ਦਾ ਨਸ਼ਾ ਹੀ ਉਸ ਦਾ 'ਜੀਵਨ-ਅਧਾਰ' ਬਣ ਜਾਂਦਾ ਹੈ ਅਤੇ ਅੰਤ ਨੂੰ ਉਹ 'ਅਮਲ' ਹੀ ਉਸ ਦਾ 'ਜੀਵਨ-ਰੂਪ' ਬਣ ਜਾਂਦਾ ਹੈ। ਉਸਦੇ ਬੋਲ, ਹਰਕਤ, ਸੋਚਣੀ ਅਥਵਾ ਜੀਵਨ ਦੇ ਹਰ 'ਪੱਖ' ਰਾਹੀਂ ਸਹਿਜ-ਸੁਭਾਇ ਅਨਜਾਣੇ ਹੀ, ਉਸਦੇ 'ਅਮਲ' ਦੀ 'ਰੰਗਤ' ਦਾ ਪ੍ਰਕਾਸ਼ ਅਤੇ ਪ੍ਰਗਟਾਵਾ ਹੁੰਦਾ ਹੈ।

ਇਹ ਉਦਾਹਰਨ ਸਰੀਰਕ ਅਮਲ ਦੇ ਅਸਰ ਦਾ ਬਿਆਨ ਹੈ। ਏਸੇ ਤਰ੍ਹਾਂ ਮਾਨਸਿਕ ਅਤੇ ਆਤਮਿਕ 'ਰੰਗਤ' ਜਾਂ 'ਅਮਲ' ਦਾ ਭੀ ਅਤਿ ਸੂਖਮ, ਗੁੱਝਾ ਅਤੇ ਡੂੰਘਾ ਅਸਰ ਜੀਵ ਦੇ ਜੀਵਨ ਤੇ ਪੈਂਦਾ ਹੈ।

ਮਾਨਸਿਕ ਖਿਆਲਾਂ ਦੀ 'ਰੰਗਤ' ਦੇ ਅਸਰਾਂ ਦੀ ਬਾਬਤ ਖੋਲ੍ਹ ਕੇ ਪਿਛੇ ਦਸਿਆ ਜਾ ਚੁਕਿਆ ਹੈ, ਕਿ ਸਾਡਾ ਮਨ ਉਦਾਲੇ-ਪੁਦਾਲੇ ਦੇ ਵਾਤਾਵਰਨ ਅਤੇ 'ਸੰਗਤ' ਦਾ ਅਸਰ ਲੈਂਦਾ ਹੈ, ਅਤੇ ਆਪਣੇ ਖਿਆਲਾਂ ਅਨੁਸਾਰ ਕਰਮਾਂ ਦਾ ਅਭਿਆਸ ਕਰਦਿਆਂ ਹੋਇਆਂ ਆਪਣੇ ਮਨ ਦੇ ਖਿਆਲਾਂ ਦਾ 'ਘੋਲੂਆ' ਬਦਲਦਾ ਰਹਿੰਦਾ ਹੈ ਅਤੇ ਆਪਣੀ ਰੰਗਤ ਨੂੰ ਦ੍ਰਿੜ੍ਹ ਕਰਦਾ ਹੋਇਆ ਆਪਣੇ ਅੰਤਿਸ਼ਕਰਨ ਵਿਚ ਉਤਾਰ ਲੈਂਦਾ ਹੈ। ਜੀਵ ਆਪਣੇ 'ਰੋਜ਼ਾਨਾ' ਦੇ ਖਿਆਲਾਂ, ਸੋਚਣੀ ਅਤੇ ਕਰਮਾਂ ਦੁਆਰਾ 'ਕਰਮ-ਬੱਧ' ਹੋ ਕੇ, ਕਰਮ ਕਰਦਾ ਤੇ ਨਤੀਜੇ ਭੋਗਦਾ ਹੈ।

ਇਸ ਤਰ੍ਹਾਂ ਜੀਵ ਦੀ ਮਾਇਕੀ ਰੰਗਤ ਹੀ, ਉਸਦਾ 'ਜੀਵਨ-ਅਧਾਰ' ਅਥਵਾ 'ਜੀਵਨ ਰੂਪ' ਬਣ ਜਾਂਦੀ ਹੈ।

ਸਾਡੇ 'ਰੋਜ਼ਾਨਾ ਜੀਵਨ' ਦਾ—

'ਰੋੜ੍ਹ' (routine)
ਪੁੱਠਾ ਗੇੜ
ਖਿਆਲੀ ਵੇਗ
ਆਦਤਾਂ
ਸੁਭਾਉ
ਆਚਰਨ

ਇਤਨਾ ਸ਼ਕਤੀਮਾਨ ਹੋ ਚੁਕਿਆ ਹੈ, ਕਿ ਅਸੀਂ—

ਜਾਣਦੇ ਹੋਏ
ਮਹਿਸੂਸ ਕਰਦੇ ਹੋਏ
ਸਮਝਦੇ ਹੋਏ
ਇੱਛਾ ਕਰਦੇ ਹੋਏ
ਉਦਮ ਕਰਦੇ ਹੋਏ

ਭੀ, ਪੁਰਾਣੀ ਮਾਇਕੀ ਪ੍ਰਣਾਲੀ ਵਿਚੋਂ ਆਪਣੇ-ਆਪ ਨਿਕਲ ਨਹੀਂ ਸਕਦੇ ਅਤੇ ਮੁੜ-ਮੁੜ ਫਸਦੇ ਤੇ ਗਲਤਾਨ ਹੁੰਦੇ ਜਾਂਦੇ ਹਾਂ।

ਬਲਕਿ ਮਾਇਕੀ 'ਪੁੱਠੇ ਗੇੜ' ਯਾ 'ਨੀਵੇਂ ਖਿਆਲਾਂ' ਦੇ ਵੇਗ ਇਤਨੇ ਤੇਜ਼ ਤੇ ਤੀਖਣ ਹੋ ਜਾਂਦੇ ਹਨ ਕਿ ਸਾਨੂੰ ਇਸ ਤੋਂ ਬਾਹਰ ਵੱਲ ਤੱਕਣ, ਸੋਚਣ ਅਤੇ ਨਿਕਲਣ ਦੀ ਫੁਰਸਤ ਹੀ ਨਹੀਂ ਮਿਲਦੀ!

ਇਹ ਜਗਤੁ ਮਮਤਾ ਮੁਆ ਜੀਵਣ ਕੀ ਬਿਧਿ ਨਾਹਿ ॥ (ਪੰਨਾ-508)

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹਿ ਉਚਰੈ ॥
ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥
ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ ॥ (ਪੰਨਾ-536)

ਸਾਡੀ ਇਸ 'ਬੇ-ਵਸੀ' ਯਾ ਮਜਬੂਰੀ ਦਾ ਸਬੂਤ ਇਹ ਹੈ, ਕਿ ਬਾਵਜੂਦ ਅਨੇਕਾਂ—

ਧਰਮਾਂ
ਧਰਮ ਅਸਥਾਨਾਂ
ਧਾਰਮਿਕ ਗ੍ਰੰਥਾਂ
ਗਿਆਨ
ਫਿਲਾਸਫੀਆਂ
ਪਾਠ-ਪੂਜਾ
ਕਰਮ-ਕਾਂਡਾਂ
ਜੋਗ-ਸਾਧਨਾਵਾਂ

ਦੇ ਇਨਸਾਨ ਦਾ ਮਾਨਸਿਕ ਅਤੇ ਆਤਮਿਕ 'ਜੀਵਨ', ਉਚੇਰਾ ਅਤੇ ਚੰਗੇਰਾ ਹੋਣ ਦੀ ਬਜਾਏ ਨਿਘਰਦਾ ਜਾ ਰਿਹਾ ਹੈ।

ਏਸੇ ਲਈ ਗੁਰਬਾਣੀ ਨੇ ਜੀਵ ਨੂੰ ਮਾਇਕੀ ਗਿਲਾਨੀ ਵਾਲੇ—

ਪੁਠੇ ਗੇੜ
ਨੀਵੇਂ ਖਿਆਲੀ ਵੇਗ
ਆਦਤਾਂ
ਸੁਭਾਉ

ਵਿਚੋਂ ਕੱਢਣ ਦਾ ਇਕੋ-ਇਕ ਸਾਧਨ 'ਸਾਧ ਸੰਗਤ' ਅਥਵਾ 'ਸਤਸੰਗਤ' ਹੀ ਦਸਿਆ ਹੈ।

'ਸਾਧ ਸੰਗਤ' ਤੋਂ ਬਗੈਰ ਇਨਸਾਨ ਲਈ, ਮਾਇਕੀ ਗਿਲਾਨੀ ਤੋਂ ਬਚਣ ਤੇ ਨਿਕਲਣ ਦਾ ਕੋਈ ਹੋਰ ਸਾਧਨ ਨਹੀਂ ਹੈ—

ਸਾਧ ਸੰਗਤਿ ਬਿਨ ਤਰਿਓ ਨ ਕੋਇ ॥ (ਪੰਨਾ-373)

ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ ॥ (ਪੰਨਾ-427)

ਸਾਧਸੰਗਤਿ ਗੁਰ ਸਬਦ ਵਿਣੁ ਲਖ ਚਉਰਾਸੀਹ ਜੂਨਿ ਭਵਾਵੈ ।
(ਵਾ.ਭਾ.ਗੁ. 5/18)

ਏਥੇ ਨਿਰਨਾ ਕਰਨ ਵਾਲਾ ਨੁਕਤਾ ਇਹ ਹੈ, ਕਿ ਗੁਰਬਾਣੀ ਵਿਚ 'ਸਾਧ ਸੰਗਤ' ਦੀ ਪ੍ਰੇਰਨਾ ਕੀਤੀ ਗਈ ਹੈ। ਇਸ ਦਾ ਮਤਲਬ ਇਹ ਹੈ, ਕਿ ਬਖਸ਼ੇ ਹੋਏ ਗੁਰਮੁਖ ਪਿਆਰੇ, ਸੰਤ, ਸਾਧ, ਅਥਵਾ 'ਆਤਮ-ਜੀਵਨ' ਵਾਲੇ ਮਹਾਂਪੁਰਖਾਂ ਦੀ ਸੰਗਤ ਅਤੇ ਸੇਵਾ ਹੀ ਲਾਭਦਾਇਕ ਅਤੇ ਕਲਿਆਣਕਾਰੀ ਹੋ ਸਕਦੀ ਹੈ।

ਏਸੇ ਕਰਕੇ ਗੁਰਬਾਣੀ ਵਿਚ 'ਸਾਧ ਸੰਗਤ' ਦੀ ਇਉਂ ਵਡਿਆਈ ਤੇ ਤਾਕੀਦੀ ਹੁਕਮ ਕੀਤਾ ਹੈ—

ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ ॥ (ਪੰਨਾ-12)

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ॥
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ॥
(ਪੰਨਾ-204)

ਸਾਧ ਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ ॥ (ਪੰਨਾ-297)

ਸਾਧ ਸੰਗਿ ਮਿਲਿ ਹਰਿ ਗੁਣ ਗਾਏ ਇਹੁ ਜਨਮੁ ਪਦਾਰਥੁ ਜੀਤਾ ਰੇ ॥ (ਪੰ.-404)

ਕਰਿ ਸਾਧ ਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥ (ਪੰਨਾ-631)

ਸਫਲ ਜਨਮੁ ਤਿਸ ਕਾ ਜਗ ਭੀਤਰਿ ਸਾਧਸੰਗਿ ਨਾਉ ਜਾਪੇ ॥ (ਪੰਨਾ-750)

ਸਫਲ ਜਨਮੁ ਹੋਵਤ ਵਡਭਾਗੀ ॥
ਸਾਧ ਸੰਗਿ ਰਾਮਹਿ ਲਿਵ ਲਾਗੀ ॥ (ਪੰਨਾ-805)

ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥ (ਪੰਨਾ-1000)

ਸਾਧਸੰਗਤਿ ਨਿਹਚਉ ਹੈ ਤਰਣਾ ॥ (ਪੰਨਾ-1071)

ਗੁਰਮੁਖਿ ਦੁਰਲਭ ਦੇਹ ਅਉਸਰੁ ਜਾਣਦੇ ॥
ਸਾਧਸੰਗਤਿ ਅਸਨੇਹ ਸਭ ਰੰਗ ਮਾਣਦੇ ॥ (ਵਾ. ਭਾ. ਗੁ. 19/11)

ਅਸਲ ਵਿਚ ਸਾਰੀ ਕਾਇਨਾਤ ਵਿਚ ਇਕੋ 'ਆਤਮ ਜੀਵਨ-ਰੌਂ' ਹੀ ਵਰਤ ਰਹੀ ਹੈ।

ਸਭੁ ਇਕੋ ਸਬਦ ਵਰਤਦਾ ਜੋ ਕਰੇ ਸੋ ਹੋਈ ॥ (ਪੰਨਾ-654)

ਸਬਦੁ ਦੀਪਕੁ ਵਰਤੈ ਤਿਹੁ ਲੋਇ ॥ (ਪੰਨਾ-664)

ਸਰਬ ਜੋਤਿ ਤੇਰੀ ਪਸਰਿ ਰਹੀ ॥
ਜਹ ਜਹ ਦੇਖਾ ਤਹ ਨਰਹਰੀ ॥ (ਪੰਨਾ-876)

'ਫੁਲ ਦੀ'—

ਮਹਿਕ
ਰੰਗਤ
ਸੋਹਪਣਤਾ
ਕੋਮਲਤਾ
ਮਿਠਾਸ
ਜੋਬਨ, ਅਤੇ
ਮੁਰਝਾਉਣ

ਤਾਈਂ ਇਕੋ 'ਜੀਵਨ-ਰੌਂ' ਹੀ ਵਰਤ ਰਹੀ ਹੈ।

ਇਹ 'ਜੀਵਨ-ਰੌਂ'—

ਸਦੀਵੀ
ਲਗਾਤਾਰ
ਇਕਸਾਰ
ਸਹਿਜੇ
ਚੁੱਪ-ਕੀਤੇ
ਗੁਪਤੋ-ਗੁਪਤੀ

ਸਾਰੀ ਕਾਇਨਾਤ ਵਿਚ ਅਛੋਪ ਹੀ ਵਰਤ ਰਹੀ ਹੈ, ਅਤੇ ਇਹ 'ਜੀਵਨ-ਰੌਂ' ਸਾਰਿਆਂ ਜੀਵਾਂ ਨੂੰ—

'ਜੀਅ-ਦਾਨ'
'ਜੀਵਨ-ਪਦਵੀ'
'ਜੀਵਨ-ਰੂਪ'
'ਜੀਵਨ'

ਬਖਸ਼ਦੀ ਰਹਿੰਦੀ ਹੈ। ਇਸ 'ਜੀਅ-ਦਾਨ' ਅਤੇ 'ਜੀਵਨ-ਪਦ' ਨੂੰ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ—

ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ ॥
ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ ॥ (ਪੰਨਾ-338)

ਜੀਅ ਦਾਨੁ ਗੁਰਿ ਪੂਰੈ ਦੀਆ ਰਾਮ ਨਾਮਿ ਚਿਤੁ ਲਾਇ ॥ (ਪੰਨਾ-443)

ਦਮਿ ਦਮਿ ਸਦਾ ਸਮਾਲਦਾ ਦੰਮੁ ਨਾ ਬਿਰਥਾ ਜਾਇ ॥
ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥ (ਪੰਨਾ-556)

ਜੀਵਨ ਰੂਪੁ ਸਿਮਰਣ ਪ੍ਰਭ ਤੇਰਾ ॥ (ਪੰਨਾ-743)

ਜੀਵਨ ਪਦਵੀ ਹਰਿ ਕਾ ਨਾਉ ॥
ਮਨੁ ਤਨੁ ਨਿਰਮਲੁ ਸਾਚੁ ਸੁਆਉ ॥ (ਪੰਨਾ-744)

ਅਬ ਮੋਹਿ ਜੀਵਨ ਪਦਵੀ ਪਾਈ ॥
ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥ (ਪੰਨਾ-1000)

ਨਾਮੁ ਨ ਬਿਸਰੈ ਤਬ ਜੀਵਨੁ ਪਾਈਐ
ਬਿਨਤੀ ਨਾਨਕ ਇਹ ਸਾਰੈ ॥ (ਪੰਨਾ-1214)

ਉਪਰਲੀਆਂ ਵਿਚਾਰਾਂ ਤੋਂ ਸਪਸ਼ਟ ਹੁੰਦਾ ਹੈ, ਕਿ 'ਮਾਇਕੀ ਜੀਵਨ' ਨੂੰ 'ਦੈਵੀ-ਜੀਵਨ' ਵਿਚ ਬਦਲਣ ਲਈ ਗੁਰਬਾਣੀ ਵਿਚ 'ਸਾਧ ਸੰਗਤ' ਅਤੇ 'ਸਿਮਰਨ' ਦੇ ਸਾਧਨ ਹੀ ਦਸੇ ਗਏ ਹਨ।

'ਸਾਧ ਸੰਗਤ' ਦੀ ਬਾਬਤ ਤਾਂ ਪਿਛੇ ਵਿਸਥਾਰ ਨਾਲ ਦਸਿਆ ਜਾ ਚੁਕਿਆ ਹੈ।

'ਸਿਮਰਨ' ਦਾ ਅਰਥ ਹੈ, ਸਿਮਰਤੀ ਅਥਵਾ 'ਯਾਦ' ਵਿਚ ਲਿਆਉਣਾ, ਯਾਦ ਕਰਨਾ ਅਤੇ ਮੁੜ-ਮੁੜ ਯਾਦ ਕਰਨਾ।

ਪਹਿਲਾਂ ਰਸਨਾ ਨਾਲ 'ਨਾਮ' ਅਥਵਾ 'ਗੁਰਮੰਤ੍ਰ' ਜਪੀਦਾ ਹੈ। ਫੇਰ ਸਹਿਜੇ-ਸਹਿਜੇ ਸਾਧ ਸੰਗਤ ਦੀ ਸਹਾਇਤਾ ਅਤੇ ਅਭਿਆਸ ਨਾਲ ਮਨ ਸਿਮਰਨ ਵਿਚ ਟਿਕਣ ਲਗ ਜਾਂਦਾ ਹੈ, ਤੇ ਅਕਹਿ ਸ਼ਾਂਤੀ, ਸੁਖ, ਪਿਆਰ, ਰਸ ਆਦਿ ਪ੍ਰਤੀਤ ਹੋਣ ਲਗ ਜਾਂਦਾ ਹੈ।

ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥ (ਪੰਨਾ-290)

ਫੇਰ 'ਗੁਰ ਮੰਤ੍ਰ' ਪਿਆਰਾ ਤੇ ਰਸਦਾਇਕ ਲਗਦਾ ਹੈ ਅਤੇ ਸਹਿਜੇ-ਸਹਿਜੇ ਸਾਡੇ, ਤਨ, ਮਨ, ਅੰਤਿਸ਼ਕਰਨ, ਰੋਮ-ਰੋਮ ਵਿਚ, 'ਗੁਰ ਮੰਤ੍ਰ' ਡੂੰਘਾ ਧੱਸ-ਵੱਸ-ਰਸ ਕੇ ਦ੍ਰਿੜ੍ਹ ਹੋ ਜਾਂਦਾ ਹੈ ਤੇ ਜੀਵ ਗੁਰ-ਮੰਤ੍ਰ ਦਾ 'ਰੂਪ' ਹੀ ਬਣ ਜਾਂਦਾ ਹੈ।

ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥ (ਪੰਨਾ-1375)

ਇਸ ਊਚਮ-ਊਚੀ, ਸੂਚਮ-ਸੂਚੀ ਆਤਮਿਕ ਅਵਸਥਾ ਅਥਵਾ ਦ੍ਰਿੜ੍ਹ ਹੋਏ ਸਿਮਰਨ ਦੀ 'ਸਹਿਜ-ਸਮਾਧ' ਵਿਚ ਇਤਨਾ ਮਹਾਂ ਰਸ ਤੇ ਚਾਉ ਹੁੰਦਾ ਹੈ, ਕਿ ਜੀਵ ਇਸ 'ਪ੍ਰੇਮ ਰਸ' ਨੂੰ ਛਡ ਨਹੀਂ ਸਕਦਾ।

ਤੇਰਾ ਜਨੁ ਰਾਮ ਰਸਾਇਣਿ ਮਾਤਾ ॥
ਪ੍ਰੇਮ ਰਸਾ ਨਿਧਿ ਜਾ ਕਉ ਉਪਜੀ ਛੋਡਿ ਨ ਕਤਹੂ ਜਾਤਾ ॥ (ਪੰਨਾ-532)

ਮੂ ਲਾਲਨ ਸਿਉ ਪ੍ਰੀਤਿ ਬਨੀ ॥
ਤੋਰੀ ਨ ਤੂਟੈ ਛੋਰੀ ਨ ਛੂਟੈ ਐਸੀ ਮਾਧੋ ਖਿੰਚ ਤਨੀ ॥ (ਪੰਨਾ-827)

ਬਿਸਰਤ ਨਾਹਿ ਮਨ ਤੇ ਹਰੀ ॥
ਅਬ ਇਹ ਪ੍ਰੀਤਿ ਮਹਾ ਪ੍ਰਬਲ ਭਈ ਆਨ ਬਿਖੈ ਜਰੀ ॥ (ਪੰਨਾ-1120)

ਐਸੀ ਬਿਸਮਾਦੀ, ਰਹਿਸ-ਮਈ ਅਵਸਥਾ ਵਿਚ 'ਜੀਵ', ਅੰਤ੍ਰ-ਆਤਮੇ—

ਜੀਵਨ-ਰੌਂ
ਸ਼ਬਦ
ਨਾਮ
ਅਨਹਦ ਧੁਨੀ
ਪ੍ਰੀਤ
ਪ੍ਰੇਮ
ਰਸ
ਚਾਉ
ਖੁਸ਼ੀ

ਮਾਣਦਾ ਹੋਇਆ 'ਸਹਿਜ-ਸਮਾਧ' ਵਿਚ ਲਿਵ-ਲੀਨ ਹੋ ਜਾਂਦਾ ਹੈ।

ਅਕਾਲ ਪੁਰਖ ਇਕ ਹੈ, ਅਤੇ ਉਸਦੀ—

ਜੋਤ
ਹੁਕਮ
ਸ਼ਬਦ
ਨਾਮ

ਧੁਨੀ
ਪ੍ਰਕਾਸ਼

ਦੀ ਰਵਾਨਗੀ ਭੀ ਇਕੋ ਹੈ।

ਇਹੋ ਇਕੋ 'ਜੀਵਨ ਰੌਂ', 'ਜੀਵਨ-ਡੋਰੀ', 'ਪ੍ਰਿਮ-ਖੇਲ', 'ਜੀਵਨ' ਸਾਰੀ ਕਾਇਨਾਤ ਦੇ ਜ਼ੱਰੇ-ਜ਼ੱਰੇ ਦੇ ਅੰਤ੍-ਆਤਮੇ ਸਦੀਵੀ, ਅਟੁੱਟ, ਅਭੁੱਲ ਅਤੇ ਗੁਪਤੀ ਵਰਤ ਰਿਹਾ ਹੈ।

ਇਸ 'ਜੀਵਨ-ਰੌਂ' ਦੀ ਸਹਿਜ-ਚਾਲ ਦੀ—

ਇਕੋ ਧੜਕਨ ਹੈ
ਇਕੋ ਅਕਲ-ਕਲਾ ਹੈ
ਇਕ ਸਾਰ ਰਵਾਨਗੀ ਹੈ
ਇਕੋ 'ਜੀਵਨ' ਹੈ,

ਜਿਸ ਨੂੰ 'ਜੀਵਨ-ਪਦਵੀ' ਅਤੇ 'ਜੀਵਨ-ਰੂਪ' ਕਿਹਾ ਗਿਆ ਹੈ।

ਜਦ ਗੁਰਮੁਖ ਜਨ ਇਸ ਬਿਸਮਾਦੀ ਅਵਸਥਾ ਨੂੰ ਮਾਣਦਾ ਹੈ, ਤਾਂ ਉਸ ਦਾ ਸਿਮਰਨ 'ਜੀਵਨ-ਰੂਪ' ਬਣ ਜਾਂਦਾ ਹੈ ਅਤੇ ਉਹ ਗੁਰਬਾਣੀ ਦੀ ਪੰਗਤੀ—

ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ ॥ (ਪੰਨਾ-743)

ਨੂੰ ਆਪਣੇ ਜੀਵਨ ਵਿਚ 'ਕਮਾ' ਕੇ 'ਮਾਣ' ਰਿਹਾ ਹੁੰਦਾ ਹੈ।

ਜਦ ਕਦੇ ਜੀਵ ਦਾ ਧਿਆਨ ਇਸ 'ਜੀਵਨ-ਰੂਪ' ਵਿਚ ਸਿਮਰਨ ਵਿਚੋਂ ਨਿਕਲਦਾ ਹੈ, ਤਾਂ ਉਸ ਦੀ 'ਆਖਾ ਜੀਵਾ ਵਿਸਰੈ ਮਰਿ ਜਾਉ' ਵਾਲੀ ਹਾਲਤ ਹੋ ਜਾਂਦੀ ਹੈ।

ਬੋਤਲ ਵਿਚ ਪਈ 'ਸ਼ਰਾਬ' ਦੀ ਹਸਤੀ ਸਿਰਫ ਰੰਗ-ਬਿਰੰਗੇ, ਕੌੜੇ ਮਿਲ-ਗੋਭੇ (solution) ਦੀ ਹੁੰਦੀ ਹੈ, ਜਿਸ ਦੀ ਜਾਣਕਾਰੀ ਯਾ ਗਿਆਨ ਭੀ 'ਫੋਕਾ' ਹੀ ਹੁੰਦਾ ਹੈ। ਉਸੇ ਸ਼ਰਾਬ ਦੇ 'ਪੈਗ' ਪੀਣ ਨਾਲ 'ਸ਼ਰਾਬੀ' ਕੋਈ ਅਨੋਖੇ ਸਰੀਰਕ ਅਤੇ ਮਾਨਸਿਕ ਤਜਰਬੇ ਮਹਿਸੂਸ ਕਰਦਾ ਅਤੇ ਮਾਣਦਾ ਹੈ।

ਸਰੂਰ, ਮਸਤੀ, ਖੁਸ਼ੀ, ਉਮਾਹ, ਜੋਸ਼, ਚਾਓ ਆਦਿ, 'ਸ਼ਰਾਬੀ' ਦੇ ਤਨ-ਮਨ ਵਿਚੋਂ ਫੁੱਟ ਕੇ ਮੱਲੋ-ਮੱਲੀ ਪ੍ਰਗਟ ਹੁੰਦੇ ਹਨ।

ਦੂਜੇ ਲਫਜ਼ਾਂ ਵਿਚ 'ਸ਼ਰਾਬ' ਦਾ 'ਪੈਗ'—'ਸ਼ਰਾਬੀ' ਦੇ ਅੰਦਰ ਜਾ ਕੇ, ਸ਼ਕਤੀਮਾਨ ਅਤੇ 'ਜੀਵਨ-ਰੂਪ' ਬਣ ਜਾਂਦਾ ਹੈ, ਅਤੇ ਉਸ ਦੇ 'ਸਰੂਰ' ਦੇ ਅਸਰ ਹੇਠ, 'ਸ਼ਰਾਬੀ' ਦੀ ਹਰ ਇਕ—

ਹਰਕਤ
ਅਦਾ
ਬੋਲ
ਤੱਕਣੀ

ਵਤੀਰਾ
ਸੋਚਣੀ
ਫੈਸਲੇ

ਸਭ ਕੁਝ ਬਦਲ ਜਾਂਦਾ ਹੈ।

ਇਸ ਤਰ੍ਹਾਂ ਸਮਾਂ ਪਾ ਕੇ 'ਸ਼ਰਾਬੀ' ਦਾ 'ਆਪਾ' ਭੀ 'ਸ਼ਰਾਬ-ਰੂਪ' ਬਣ ਜਾਂਦਾ ਹੈ ਅਤੇ ਉਹ 'ਸ਼ਰਾਬੀ' ਅਖਵਾਉਂਦਾ ਹੈ।

ਇਸ ਤਰ੍ਹਾਂ—

'ਸ਼ਰਾਬ' ਹੀ ਉਸਦਾ 'ਜੀਵਨ'
'ਸਰੂਰ' ਉਸਦਾ 'ਜੀਵਨ-ਰੂਪ'
'ਸ਼ਰਾਬ' ਅਤੇ 'ਸ਼ਰਾਬੀ' ਇਕੋ ਰੂਪ

ਬਣ ਜਾਂਦੇ ਹਨ।

ਜੇਕਰ ਵੇਲੇ ਸਿਰ 'ਸ਼ਰਾਬ' ਨਾ ਮਿਲੇ, ਤਾਂ ਸ਼ਰਾਬੀ ਨੂੰ 'ਟੋਟ' ਆਉਂਦੀ ਹੈ ਅਤੇ ਉਸਦਾ 'ਮਰਨ' ਹੋ ਜਾਂਦਾ ਹੈ।

ਹਰਿ ਬਿਨੁ ਰਹਿ ਨ ਸਕਉ ਇਕ ਰਾਤੀ ॥
ਜਿਉ ਬਿਨੁ ਅਮਲੈ ਅਮਲੀ ਮਰਿ ਜਾਈ ਹੈ
ਤਿਉ ਹਰਿ ਬਿਨੁ ਹਮ ਮਰਿ ਜਾਤੀ ॥ (ਪੰਨਾ-668)

ਐਨ ਏਸੇ ਤਰ੍ਹਾਂ ਗੁਰਮੁਖ ਜਨ, ਸਿਮਰਨ ਕਰਦਿਆਂ ਹੋਇਆਂ, ਇਲਾਹੀ 'ਜੀਵਨ-ਰੌਂ', 'ਸ਼ਬਦ', 'ਨਾਮ' ਦੀ 'ਰੁਣ-ਝੁਣ' ਅਤੇ ਬਿਸਮਾਦੀ ਮਹਾਂਰਸ ਨੂੰ—

ਬੁੱਝਦੇ
ਚੀਨਦੇ
ਪਹਿਚਾਨਦੇ
ਮਾਣਦੇ

ਹੋਏ, ਆਪ ਹੀ 'ਸ਼ਬਦ-ਰੂਪ' ਹੋ ਜਾਂਦੇ ਹਨ ਅਤੇ ਇਸ ਤਰ੍ਹਾਂ ਪ੍ਰਭੂ ਦਾ 'ਸਿਮਰਨ' ਉਹਨਾਂ ਦਾ 'ਜੀਵਨ-ਰੂਪ' ਹੀ ਬਣ ਜਾਂਦਾ ਹੈ, ਅਤੇ ਉਹ ਗੁਰਵਾਕ—

ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ ॥ (ਪੰਨਾ-743)

ਦੀ ਆਪਣੇ ਜੀਵਨ ਦੁਆਰਾ 'ਵਿਆਖਿਆ' ਕਰਦੇ ਹਨ ਅਤੇ ਉਹ ਗੁਰਮਤਿ ਅਨੁਸਾਰ ਆਤਮਿਕ 'ਜੀਵਨ-ਪਦਵੀ' ਨੂੰ ਪ੍ਰਾਪਤ ਹੁੰਦੇ ਹਨ।

(ਸਮਾਪਤ)